ਡਾਕਟਰ ਐਨਰਜੀ ਸਪੈਸ਼ਲਿਸਟ
ਲੇਖਕ ਪ੍ਰਕਿਰਤੀ-ਵਿਗਿਆਨਕ
ਅਨੁਵਾਦਕ ਵਕੀਲ
ਇੰਜਨੀਅਰ
ਕਿਸਾਨ

FUND YOUR FUTURE®

2013 – 2014

ਪੱਤਰਕਾਰ
ਗ੍ਰੀਨ ਕਨਸਟਰੱਕਸ਼ਨ
ਅਧਿਆਪਕ
ਕੈਮਿਸ
ਵੈੱਬ ਡਿਵੈਲਪਰ
ਆਰਕੀਟੈਕਟ
ਸੋਲਰ
ਸੋਲ
ਡਿਜ਼ਾਈਨਰ
ਇੰ

ਕਾਲਜ ਦਾ ਖਰਚਾ ਕਿਵੇਂ ਦੇਣਾ ਹੈ

ਖੁਰਾਕ-ਮਾਹਰ
ਫੋਟੋਗ੍ਰਾਫਰ
ਕੰਪਿਊਟਰ
ਸ਼ੈਫ
ਮਕੈਨੀਕਲ
ਲੈਂਡਸਕੇਪ

CALIFORNIA STUDENT AID COMMISSION

ECMC

ਕੈਲੋਫੋਰਨੀਆ ਸਟੂਡੈਂਟ ਏਡ ਕਮਿਸ਼ਨ ਦੀ ECMC ਦੀ ਸਾਂਝੀਦਾਰੀ ਨਾਲ ਇਕ ਲਿਖਤ

ਵਿਸ਼ਾ-ਸੂਚੀ

ਕਾਲਜ ਦੇ ਸਾਲ 2013-14 ਲਈ ਪੈਸੇ

1 ਮਾਇਕ ਸਹਾਇਤਾ ਬਾਰੇ ਮੁਢਲੀਆਂ ਗੱਲਾਂ
ਤੁਹਾਡੇ ਲਈ ਕਰਨ ਵਾਲੀਆਂ 5 ਸਭ ਤੋਂ ਜ਼ਰੂਰੀ ਚੀਜ਼ਾਂ

2-3 ਮਾਇਕ ਸਹਾਇਤਾ ਲਈ ਸਮੇਂ ਦੀ ਹੱਦ ਅਤੇ ਨਿਸ਼ਾਨ ਲਾਉਣ ਵਾਲੀ ਲਿਸਟ

4 FAFSA ਜਾਂ California Dream Act ਦੀ
ਅਰਜ਼ੀ ਨਾਲ ਸ਼ੁਰੂ ਕਰੋ

4 ਮੁਫਤ ਮਦਦ ਲਵੋ

5 California Dream Act ਮਾਇਕ ਸਹਾਇਤਾ

6 Cal Grants ਮੁਫਤ ਪੈਸੇ ਹਨ

7 ਹੋਰ ਮੁਫਤ ਪੈਸੇ

8-9 Cal Grants: ਅਪਲਾਈ ਕਰਨ ਦੇ ਮੌਕੇ

ਪਿੱਛੇ ਇਹ ਵੈੱਬਸਾਈਟ ਚੈੱਕ ਕਰੋ

ਇਹ ਬਰੋਸ਼ਰ ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਕੈਲੇਫੋਰਨੀਆ ਸਟੂਡੈਂਟ ਏਡ ਕਮਿਸ਼ਨ (California Student Aid Commission) ਵਲੋਂ ਈ ਸੀ ਐੱਮ ਸੀ (ECMC) ਦੀ ਹਿੱਸੇਦਾਰੀ ਨਾਲ ਪ੍ਰਦਾਨ ਕੀਤਾ ਗਿਆ ਹੈ। ਸਕੂਲ ਵਾਧੂ ਕਾਪੀਆਂ **www.ecmc.org/publications** 'ਤੇ ਆਰਡਰ ਕਰ ਸਕਦੇ ਹਨ।

ਕਾਪੀਰਾਈਟ 2012 ਕੈਲੇਫੋਰਨੀਆ ਸਟੂਡੈਂਟ ਏਡ ਕਮਿਸ਼ਨ। ਸਾਰੇ ਹੱਕ ਰਾਖਵੇਂ ਹਨ। ਕੈਲੇਫੋਰਨੀਆ ਸਟੂਡੈਂਟ ਏਡ ਕਮਿਸ਼ਨ ਅਤੇ ਇਸ ਨਾਲ ਸੰਬੰਧਿਤ ਚਿੱਤਰ ਰਜਿਟਰਸ਼ੁਦਾ ਸਰਵਿਸ ਮਾਰਕ ਹਨ ਅਤੇ Fund Your Future ਕੈਲੇਫੋਰਨੀਆ ਸਟੂਡੈਂਟ ਏਡ ਕਮਿਸ਼ਨ ਦਾ ਰਜਿਸਟਰਸ਼ੁਦਾ ਟ੍ਰੇਡਮਾਰਕ ਹੈ।

www.facebook.com/CSAC.StudentAidCommission

ਮਾਇਕ ਸਹਾਇਤਾ ਬਾਰੇ ਮੁਢਲੀਆਂ ਗੱਲਾਂ

ਹਾਈ ਸਕੂਲ ਤੋਂ ਬਾਅਦ ਕਾਲਜ ਜਾਣ ਜਾਂ ਟਰੇਨਿੰਗ ਲੈਣ ਦੇ ਖਰਚੇ ਵਿਚ ਮਦਦ ਲਈ ਮਾਇਕ ਸਹਾਇਤਾ ਉਪਲਬਧ ਹੈ। ਇਸ ਨੂੰ ਇਸ ਤਰੀਕੇ ਨਾਲ ਸੋਚੋ: ਸਭ ਤੋਂ ਪਹਿਲਾਂ ਤਾਂ ਦਾਖਲ ਹੋਣ ਦੇ ਖਰਚੇ ਦਾ ਹਿਸਾਬ ਲਾਉ, ਫਿਰ ਮੁਫਤ ਪੈਸਿਆਂ ਨੂੰ ਇਸ ਵਿੱਚੋਂ ਕੱਢੋ – ਗ੍ਰਾਂਟਾਂ ਅਤੇ ਵਜੀਫੇ – ਅਤੇ ਇਸ ਨਾਲ ਤੁਹਾਨੂੰ ਕਾਲਜ ਜਾਣ ਦੇ "ਅਸਲ ਖਰਚੇ" ਦਾ ਪਤਾ ਲੱਗੇਗਾ। ਫਿਰ ਅਸਲ ਖਰਚਾ ਦੇਣ ਦੀਆਂ ਚੋਣਾਂ ਲੱਭੋ। ਸਭ ਤੋਂ ਪਹਿਲਾਂ ਗ੍ਰਾਂਟ ਅਤੇ ਸਕਾਲਰਸ਼ਿਪ ਦੇ ਪੈਸੇ ਦੇਖੋ; ਇਹ ਪੈਸੇ ਵਾਪਸ ਦੇਣ ਦੀ ਲੋੜ ਨਹੀਂ ਹੁੰਦੀ। ਜੇ ਲੋੜ ਹੋਵੇ ਤਾਂ ਲੋਨਾਂ ਬਾਰੇ ਵਿਚਾਰ ਕਰੋ; ਪਰ, ਲੋਨ ਵਿਆਜ ਸਮੇਤ ਵਾਪਸ ਕੀਤੇ ਜਾਣੇ ਜ਼ਰੂਰੀ ਹਨ।

ਕਾਲਜ ਦੇ ਪਹਿਲੇ ਸਾਲ ਲਈ ਖਰਚਾ

\- **ਗ੍ਰਾਂਟਾਂ ਅਤੇ ਸਕਾਲਰਸ਼ਿਪਸ**

= **ਅਸਲ ਖਰਚਾ**

ਅਸਲ ਖਰਚਾ ਦੇਣ ਦੀਆਂ ਚੋਣਾਂ:

- ਕੰਮ ਕਰਨਾ – ਪੜ੍ਹਨਾ
- ਫੈਡਰਲ ਸਟੂਡੈਂਟ ਲੋਨ

ਹੋਰ ਚੋਣਾਂ:

- ਪਰਿਵਾਰ ਵਲੋਂ ਯੋਗਦਾਨ
- ਕਾਲਜ ਵਲੋਂ ਆਫਰ ਕੀਤੀ ਜਾਂਦੀ ਪੇਮੈਂਟ ਪਲੈਨ
- ਪੇਰੈਂਟ PLUS ਲੋਨ
- ਮਿਲਟਰੀ ਜਾਂ ਕਿਸੇ ਹੋਰ ਸਰਵਿਸ ਦੇ ਬੈਨੇਫਿਟਸ
- ਪੜ੍ਹਾਈ ਦੇ ਪ੍ਰਾਈਵੇਟ ਲੋਨ

ਮਾਇਕ ਸਹਾਇਤਾ ਟਿਊਸ਼ਨ, ਫੀਸਾਂ, ਕਿਤਾਬਾਂ, ਕਿਰਾਏ, ਖਾਣੇ, ਆਵਾਜਾਈ ਦੇ ਸਾਧਨ ਅਤੇ ਰਹਿਣ ਦੇ ਹੋਰ ਖਰਚਿਆਂ ਨੂੰ ਕਵਰ ਕਰਦੀ ਹੈ – ਇੱਥੋਂ ਤੱਕ ਕਿ ਪਾਰਟ-ਟਾਈਮ ਵਿਦਿਆਰਥੀਆਂ ਲਈ ਵੀ। **www.studentaid.ed.gov** 'ਤੇ ਜ਼ਿਆਦਾ ਜਾਣੋ।

ਆਪਣੀ ਸਟੂਡੈਂਟ ਮਾਇਕ ਸਹਾਇਤਾ ਨੂੰ ਵੱਧ ਤੋਂ ਵੱਧ ਕਰਨ ਲਈ ਤੁਹਾਡੇ ਲਈ ਕਰਨ ਵਾਲੀਆਂ 5 ਸਭ ਤੋਂ ਜ਼ਰੂਰੀ ਚੀਜ਼ਾਂ

1. ਫੈਡਰਲ ਸਟੂਡੈਂਟ ਏਡ, ਜਾਂ Free Application for Federal Student Aid (FAFSA) ਲਈ ਮੁਫਤ ਅਰਜ਼ੀ **www.fafsa.gov** 'ਤੇ **1 ਜਨਵਰੀ–2 ਮਾਰਚ** ਦੇ ਵਿਚਕਾਰ ਦਰਜ ਕਰਵਾਉ।
2. California Dream Act (ਕੈਲੇਫੋਰਨੀਆ ਡ੍ਰੀਮ ਐਕਟ), ਯੋਗ AB 540 ਅਤੇ AB 131 ਵਿਦਿਆਰਥੀ, ਸੁਰੱਖਿਅਤ ਔਨਲਾਈਨ California Dream Act ਅਰਜ **www.caldreamact.org** 'ਤ ਭਰਨ।
3. Cal Grant (ਕੈਲ ਗ੍ਰਾਂਟ) ਪ੍ਰੋਗਰਾਮ ਲਈ ਆਪਣੀ ਤਸਦੀਕ ਕੀਤੀ ਹੋਈ GPA (ਜੀ ਪੀ ਏ) **2 ਮਾਰਚ** ਤੱਕ ਦਰਜ ਕਰਵਾਉ।
4. ਨੈਸ਼ਨਲ ਅਤੇ ਲੋਕਲ ਸਕਾਲਰਸ਼ਿਪਸ ਲਈ ਅਪਲਾਈ ਕਰੋ (ਪਿਛਲਾ ਕਵਰ ਦੇਖੋ)। ਮਦਦ ਲਈ ਆਪਣੇ ਸਕੂਲ ਦੇ ਕਾਲਜ ਐਡਵਾਈਜ਼ਰ ਕੋਲ ਜਾਉ।
5. ਕਾਲਜ ਦਾ ਖਰਚਾ ਦੇਣ ਬਾਰੇ ਆਪਣੇ ਪਰਿਵਾਰ ਨਾਲ ਗੱਲ ਕਰੋ। ਉਨ੍ਹਾਂ ਨੂੰ ਦੱਸੋ ਕਿ ਉਹ FAFSA ਭਰਨ ਵਿਚ ਤੁਹਾਡੀ ਮਦਦ ਕਰਕੇ ਸਹਾਇਤਾ ਕਰ ਸਕਦੇ ਹਨ।

ਤੁਹਾਨੂੰ ਇਹ ਪਤਾ ਲੱਗਣ ਤੋਂ ਪਹਿਲਾਂ ਹੀ ਮਾਇਕ ਸਹਾਇਤਾ ਲਈ ਅਪਲਾਈ ਕਰ ਦੇਣਾ ਚਾਹੀਦਾ ਹੈ ਕਿ ਕੀ ਤੁਹਾਨੂੰ ਕਾਲਜ ਵਿਚ ਦਾਖਲਾ ਮਿਲਿਆ ਹੈ ਜਾਂ ਨਹੀਂ। ਨਹੀਂ ਤਾਂ ਤੁਸੀਂ ਗ੍ਰਾਂਟਾਂ, ਸਕਾਲਰਸ਼ਿਪਸ ਅਤੇ ਹੋਰ ਮੁਫਤ ਪੈਸਿਆਂ ਤੋਂ ਖੁੰਝ ਸਕਦੇ ਹੋ।

N_13545_CSAC_FundFuture2013-14_brochure_OUT_02.indd 1 5/17/13 2:53 P

ਮਾਇਕ ਸਹਾਇਤਾ ਲਈ ਸਮੇਂ ਦੀ ਹੱਦ ਅਤੇ ਨਿਸ਼ਾਨ ਲਾਉਣ ਵਾਲੀ ਲਿਸਟ

ਸੀਨੀਅਰ ਸਾਲ ਦਾ ਫਾਲ

ਤਿਆਰੀ

- ☐ ਗਰੈਜੂਏਟ ਹੋਣ ਲਈ ਆਪਣੇ ਗਰੇਡਾਂ ਅਤੇ ਕਰੈਡਿਟਾਂ ਵੱਲ ਧਿਆਨ ਦਿਉ।
- ☐ ਇੰਟਰਨੈੱਟ 'ਤੇ ਸਕਾਲਰਸ਼ਿਪ ਲੱਭੋ (ਪਿਛਲਾ ਕਵਰ ਦੇਖੋ)।
- ☐ ਆਪਣੇ ਸਕੂਲ ਦੀਆਂ ਫਾਲ ਫਾਇਨੈਂਸ਼ਲ ਏਡ ਵਰਕਸ਼ਾਪਾਂ ਵਿਚ ਜਾਉ।
- ☐ ਇਹ ਪੁੱਛੋ ਕਿ ਕੀ ਤੁਹਾਡਾ ਸਕੂਲ ਤੁਹਾਡੀ ਤਸਦੀਕਸ਼ੁਦਾ Cal Grant GPA ਇਲੈਕਟਰੌਨੀਕਲੀ ਦੇਵੇਗਾ, ਜਾਂ ਕੀ ਤੁਹਾਨੂੰ ਪੇਪਰ ਵਾਲਾ Cal Grant GPA ਵੈਰੀਫੀਕੇਸ਼ਨ ਫਾਰਮ ਦਰਜ ਕਰਵਾਉਣ ਦੀ ਲੋੜ ਪਵੇਗੀ ਜੋ ਕਿ **www.calgrants.org** 'ਤੇ ਹੈ।

ਪਤਾ ਲਾਉ ਅਤੇ ਤੁਲਨਾ ਕਰੋ

- ☐ ਆਪਣੀਆਂ ਕਾਲਜ ਦੀਆਂ ਪਲੈਨਾਂ ਅਤੇ ਮਾਇਕ ਲੋੜਾਂ ਬਾਰੇ ਆਪਣੇ ਹਾਈ ਸਕੂਲ ਦੇ ਕੌਂਸਲਰ ਨਾਲ ਗੱਲ ਕਰੋ। ਲੋਕਲ ਸੰਸਥਾਵਾਂ ਅਤੇ ਕਾਰੋਬਾਰਾਂ ਵਲੋਂ ਦਿੱਤੇ ਜਾਂਦੇ ਸਕਾਲਰਸ਼ਿਪਸ ਬਾਰੇ ਪੁੱਛੋ।
- ☐ ਕਾਲਜ ਅਤੇ ਕੈਰੀਅਰ ਪਲੈਨਿੰਗ ਬਾਰੇ ਸੁਝਾਅ ਲੈਣ ਲਈ ਵੈੱਬ 'ਤੇ ਜਾਉ (ਪਿਛਲਾ ਕਵਰ ਦੇਖੋ)।
- ☐ ਕਿਸੇ ਖਾਸ ਸਕੂਲ ਵਿਚ ਪੜ੍ਹਾਈ ਦੇ ਖਰਚੇ ਦਾ ਪਤਾ ਲਾਉਣ ਵਿਚ ਮਦਦ ਲਈ ਕੋਸਟ ਕੈਲਕੂਲੇਟਰਜ਼ ਦੀ ਵਰਤੋਂ ਕਰੋ। ਸਕੂਲਾਂ ਨੂੰ ਇਹ ਕੈਲਕੂਲੇਟਰ ਔਨਲਾਈਨ ਉਪਲਬਧ ਕਰਵਾਉਣੇ ਪੈਂਦੇ ਹਨ।

N_13545_CSAC_FundFuture2013-14_brochure_OUT_02.indd 2 5/17/13 2:53 P

ਜਨਵਰੀ ਦੇ ਸ਼ੁਰੂ ਵਿਚ

ਅਪਲਾਈ ਕਰੋ

- ਆਪਣੀ FAFSA ਜਾਂ CA Dream Act ਅਰਜ਼ੀ ਅਤੇ ਤਸਦੀਕਸ਼ੁਦਾ Cal Grant GPA 1 ਜਨਵਰੀ ਤੋਂ ਬਾਅਦ ਅਤੇ **2 ਮਾਰਚ** ਤੋਂ ਪਹਿਲਾਂ ਦਰਜ ਕਰਵਾਉ। ਜੇ ਤੁਹਾਡੇ ਮਾਪਿਆਂ ਨੇ (ਜਾਂ ਤੁਸੀਂ) ਅਜੇ ਫੈਡਰਲ ਟੈਕਸ ਰੀਟਰਨ ਨਹੀਂ ਭਰੀ ਤਾਂ ਅੰਦਾਜ਼ਾ ਲਾਉ। ਬਾਅਦ ਵਿਚ ਨਵੀਂ ਜਾਣਕਾਰੀ ਦਿਉ ਜਾਂ ਸੋਧ ਕਰੋ।
- FAFSA ਦਰਜ ਕਰਵਾਉਣ ਤੋਂ ਬਾਅਦ, ਹੱਕਦਾਰੀ ਲਈ ਆਪਣੀ ਸਟੂਡੈਂਟ ਏਡ ਰਿਪੋਰਟ (SAR) ਨੂੰ ਰਿਵੀਊ ਕਰੋ।

ਅੰਤਿਮ ਤਾਰੀਕਾਂ

- **2 ਮਾਰਚ ਦੀ ਅੰਤਿਮ ਤਾਰੀਕ ਤੱਕ** Cal Grant ਲਈ ਅਪਲਾਈ ਕਰੋ।
- ਜਿਹੜੇ ਹੋਰ ਕਾਲਜਾਂ 'ਤੇ ਤੁਸੀਂ ਵਿਚਾਰ ਕਰ ਰਹੇ ਹੋ ਉਨ੍ਹਾਂ ਦੀ ਮਾਇਕ ਸਹਾਇਤਾ ਦੀਆਂ ਅੰਤਿਮ ਤਾਰੀਕਾਂ ਚੈੱਕ ਕਰੋ ਅਤੇ ਆਪਣੇ ਕੈਲੰਡਰ 'ਤੇ ਮਾਰਕ ਕਰੋ।

ਮੁਫਤ ਮਦਦ

- ਮੁਫਤ ਮਾਇਕ ਸਹਾਇਤਾ ਉਪਲਬਧ ਹੈ: ਕਦੇ ਵੀ FAFSA ਲਈ ਜਾਂ ਆਪਣੇ ਲਈ ਭਰਨ ਲਈ ਕੋਈ ਪੈਸੇ ਨਾ ਦਿਉ। FAFSA ਜਾਂ CA Dream Act ਅਰਜ਼ੀ ਅਤੇ ਹੋਰ ਫਾਰਮ ਮੁਕੰਮਲ ਕਰਨ ਵਿਚ ਮਦਦ ਲਈ ਜਨਵਰੀ ਜਾਂ ਫਰਵਰੀ ਵਿਚ ਫ੍ਰੀ ਕੈਸ਼ ਫਾਰ ਕਾਲਜ ਵਰਕਸ਼ਾਪ ਵਿਚ ਜਾਉ। ਤਾਰੀਕਾਂ ਅਤੇ ਸਥਾਨਾਂ ਲਈ **www.californiacashforcollege.org** 'ਤੇ ਜਾਉ।

ਇਸ ਨੂੰ ਇਕੱਠਾ ਰੱਖੋ

- ਆਪਣੀ FAFSA ਜਾਂ CA Dream Act ਅਤੇ Cal Grant ਔਨਲਾਈਨ ਅਕਾਊਂਟ ਦੀ ਸਾਰੀ ਜਾਣਕਾਰੀ ਸੌਖੀ ਪਹੁੰਚ ਲਈ ਇਕ ਥਾਂ 'ਤੇ ਰੱਖੋ।

ਸਪਰਿੰਗ/ ਗਰਮੀਆਂ

ਇਵੈਲੂਏਟ ਅਤੇ ਤੁਲਨਾ ਕਰੋ

- ਕਾਲਜ ਵਲੋਂ ਦਾਖਲੇ ਦੀਆਂ ਚਿੱਠੀਆਂ ਅਤੇ ਮਾਇਕ ਸਹਾਇਤਾ ਦੀਆਂ ਔਫਰਾਂ ਦੇਖੋ ਅਤੇ ਜਵਾਬ ਦਿਉ।
- ਮਾਇਕ ਸਹਾਇਤਾ ਦੀਆਂ ਔਫਰਾਂ 'ਤੇ ਧਿਆਨ ਨਾਲ ਵਿਚਾਰ ਕਰੋ; ਸਵਾਲ ਪੁੱਛੋ। **www.bigfuture.collegeboard.org** 'ਤੇ "ਕੌਮਪਅਰਏਂਰ ਓਦਿ ਔਅਰਦਸ" (Compare Your Aid Awards) ਟੂਲ ਵਰਤੋ।
- ਸਟੂਡੈਂਟ ਲੋਨ ਲੈਣ ਤੋਂ ਪਹਿਲਾਂ ਗ੍ਰਾਂਟਾਂ, ਸਕਾਲਰਸ਼ਿਪਸ, ਕੰਮ-ਪੜ੍ਹਾਈ ਅਤੇ ਹੋਰ ਉਨ੍ਹਾਂ ਮਦਦਾਂ 'ਤੇ ਵਿਚਾਰ ਕਰੋ ਜਿਹੜੀਆਂ ਤੁਹਾਨੂੰ ਵਾਪਸ ਦੇਣ ਦੀ ਲੋੜ ਨਹੀਂ ਹੈ।
- ਜੇ ਲੋੜ ਹੋਵੇ ਤਾਂ ਸਿਰਫ ਓਨੇ ਪੈਸੇ ਹੀ ਉਧਾਰ ਲਵੋ ਜਿੰਨੇ ਦੀ ਤੁਹਾਨੂੰ ਲੋੜ ਹੈ ਅਤੇ **www.studentloans.gov** 'ਤੇ ਘੱਟ ਵਿਆਜ ਵਾਲੇ ਫੈਡਰਲ ਸਟੂਡੈਂਟ ਲੋਨ ਚੈੱਕ ਕਰੋ।

ਆਪਣੀ Cal Grant ਦੀ ਪੈੜ ਰੱਖੋ

- ਆਪਣੀ FAFSA ਮੁਕੰਮਲ ਕਰਨ ਤੋਂ ਬਾਅਦ, ਆਪਣਾ Cal Grant ਅਕਾਊਂਟ ਖੋਲ੍ਹਣ ਲਈ **www.webgrants4students.org** 'ਤੇ ਜਾਉ। ਤੁਸੀਂ ਆਪਣੀ ਕੈਲੇਫੋਰਨੀਆ ਏਡ ਰਿਪੋਰਟ (CAR) ਦੇਖ ਸਕਦੇ ਹੋ ਜਿਹੜੀ ਤੁਹਾਨੂੰ ਅਪਲਾਈ ਕਰਨ ਤੋਂ ਬਾਅਦ ਅਤੇ Cal Grant ਲਈ ਮਨਜ਼ੂਰ ਹੋ ਜਾਣ ਤੋਂ ਬਾਅਦ ਈਮੇਲ ਰਾਹੀਂ ਮਿਲੇਗੀ। ਤੁਸੀਂ ਸਕੂਲ ਦੀ ਆਪਣੀ ਅੰਤਿਮ ਚੋਣ ਵਿਚ ਸੋਧਾਂ ਅਤੇ ਤਬਦੀਲੀਆਂ ਕਰ ਸਕਦੇ ਹੋ ਅਤੇ ਆਪਣੀ ਹਾਈ ਸਕੂਲ ਦੀ ਗਰੈਜੂਏਸ਼ਨ ਦਾ ਪੱਕਾ ਪਤਾ ਲਾ ਸਕਦੇ ਹੋ।

N_13545_CSAC_FundFuture2013-14_brochure_OUT_02.indd 3 5/17/13 2:53 P

FAFSA ਜਾਂ CALIFORNIA DREAM ACT ਦੀ ਅਰਜ਼ੀ ਨਾਲ ਸ਼ੁਰੂ ਕਰੋ

ਔਨਲਾਈਨ ਜਾਉ ਅਤੇ **ਫੈਡਰਲ ਸਟੂਡੈਂਟ ਏਡ, ਜਾਂ FAFSA** ਲਈ ਮੁਫਤ ਅਰਜ਼ੀ ਭਰੋ। ਉਚੇਰੀ ਪੜ੍ਹਾਈ ਲਈ ਬਹੁਤੀ ਮਾਇਕ ਸਹਾਇਤਾ ਲਈ FAFSA ਇਕ ਸਾਂਝੀ ਅਰਜ਼ੀ ਹੈ। ਫੈਡਰਲ ਸਰਕਾਰ, ਸਟੇਟਾਂ ਅਤੇ ਕਾਲਜ ਇਹ ਪਤਾ ਲਾਉਣ ਲਈ ਨਤੀਜਿਆਂ ਦੀ ਵਰਤੋਂ ਕਰਦੇ ਹਨ ਕਿ ਤੁਸੀਂ ਕਿੰਨੀ ਮਾਇਕ ਸਹਾਇਤਾ ਲਈ ਹੱਕਦਾਰ ਹੋ ਸਕਦੇ ਹੋ।

ਬਿਨਾਂ ਦਸਤਾਵੇਜ਼ਾਂ ਵਾਲੇ ਵਿਦਿਆਰਥੀਆਂ ਨੂੰ California Dream Act ਦੀ ਅਰਜ਼ੀ **www.caldreamact.org** 'ਤੇ ਮੁਕੰਮਲ ਕਰਨੀ ਚਾਹੀਦੀ ਹੈ।

FAFSA ਅਤੇ California Dream Act ਦੀਆਂ ਅਰਜ਼ੀਆਂ ਤੁਹਾਡੇ ਬਾਰੇ, ਤੁਹਾਡੇ ਪਰਿਵਾਰ ਬਾਰੇ, ਤੁਹਾਡੇ ਪੈਸੇ ਧੇਲੇ ਅਤੇ ਤੁਹਾਡੀਆਂ ਕਾਲਜ ਦੀਆਂ ਪਲੈਨਾਂ ਬਾਰੇ ਜਾਣਕਾਰੀ ਪੁੱਛਦੀਆਂ ਹਨ।

ਮੁਫਤ ਮਦਦ ਲਵੋ

ਵਿਦਿਆਰਥੀ ਮਾਇਕ ਸਹਾਇਤਾ ਲਈ ਅਪਲਾਈ ਕਰਨ ਲਈ ਮਦਦ ਲੈ ਸਕਦੇ ਹਨ

ਆਪ ਆ ਕੇ: ਆਪਣੇ ਸਕੂਲ ਤੋਂ ਮਦਦ ਮੰਗੋ, ਆਪਣੇ ਸਕੂਲ ਦੇ ਮਾਇਕ ਸਹਾਇਤਾ ਦੇ ਕਿਸੇ ਪ੍ਰੋਗਰਾਮ ਵਿਚ ਜਾਉ ਜਾਂ ਜਨਵਰੀ ਜਾਂ ਫਰਵਰੀ ਵਿਚ ਮੁਫਤ ਲੱਗਣ ਵਾਲੀ ਕੈਲੇਫੋਰਨੀਆ ਕੈਸ਼ ਫਾਰ ਕਾਲਜ ਵਰਕਸ਼ਾਪ ਵਿਚ ਜਾਉ। ਕੈਸ਼ ਫਾਰ ਕਾਲਜ ਵਰਕਸ਼ਾਪਾਂ ਹੋਰ ਜ਼ਬਾਨਾਂ ਵਿਚ ਵੀ ਮਦਦ ਕਰਦੀਆਂ ਹਨ। ਵਿਦਿਆਰਥੀ Dream Act ਏਡ ਲਈ ਅਪਲਾਈ ਕਰਕੇ ਮਦਦ ਲੈ ਸਕਦੇ ਹਨ। ਤਾਰੀਕਾਂ, ਸਥਾਨਾਂ ਲਈ ਅਤੇ ਇਹ ਜਾਣਨ ਲਈ ਕਿ ਨਾਲ ਕੀ ਲਿਆਉਣਾ ਹੈ **www.californiacashforcollege.org** 'ਤੇ ਜਾਉ।

ਔਨਲਾਈਨ: www.fafsa.gov 'ਤੇ ਸਵਾਲਾਂ ਦੇ ਜਵਾਬਾਂ ਲਈ ਮਦਦ ਦੇਖੋ ਜਾਂ ਹਰ ਪੇਜ ਦੇ ਅੰਦਰਲੇ Live Help button (ਲਾਈਵ ਹੈਲਪ ਬਟਨ) 'ਤੇ ਕਲਿੱਕ ਕਰੋ।

ਫੋਨ: ਯੂ.ਐੱਸ. ਡਿਪਾਰਟਮੈਂਟ ਆਫ ਐਜੂਕੇਸ਼ਨ ਨੂੰ ਸੋਮਵਾਰ ਤੋਂ ਸ਼ੁਕਰਵਾਰ ਤੱਕ (ਪੈਸੇਫਿਕ ਟਾਈਮ ਸ਼ਾਮ ਦੇ 9 ਵਜੇ ਤੱਕ) ਜਾਂ ਛਨਿਚਰਵਾਰ ਅਤੇ ਐਤਵਾਰ ਨੂੰ ਵਾਧੂ ਸਮੇਂ ਦੌਰਾਨ 1-800-433-3243 (TTY 1-800-730-8913) 'ਤੇ ਫੋਨ ਕਰੋ।

ਹਾਈ ਸਕੂਲ ਸੀਨੀਅਰ $1,000 ਲਈ ਹੱਕਦਾਰ ਹੋ ਸਕਦੇ ਹਨ

ਹਾਈ ਸਕੂਲ ਦੇ ਜਿਨ੍ਹਾਂ ਸੀਨੀਅਰਾਂ ਨੇ ਕੈਸ਼ ਫਾਰ ਕਾਲਜ ਵਰਕਸ਼ਾਪ ਵਿਚ ਹਿੱਸਾ ਲਿਆ ਹੈ ਅਤੇ **2 ਮਾਰਚ** ਦੀ ਅੰਤਿਮ ਤਾਰੀਕ ਤੱਕ **Cal Grant** ਲਈ ਅਪਲਾਈ ਕੀਤਾ ਸੀ, ਉਹ $1,000 ਦੇ ਵਾਧੂ ਸਕਾਲਰਸ਼ਿਪ ਲਈ ਹੱਕਦਾਰ ਹੋ ਸਕਦੇ ਹਨ।

CASH FOR COLLEGE

http://www.facebook.com/Cash.for.College.California

N_13545_CSAC_FundFuture2013-14_brochure_OUT_02.indd 4 5/17/13 2:53 P

CALIFORNIA DREAM ACT ਮਾਇਕ ਸਹਾਇਤਾ

2011 ਦਾ California Dream Act ਬਿਨਾਂ ਦਸਤਾਵੇਜ਼ਾਂ ਅਤੇ ਦਸਤਾਵੇਜ਼ਾਂ ਵਾਲੇ ਉਨ੍ਹਾਂ ਵਿਦਿਆਰਥੀਆਂ ਨੂੰ ਸਟੇਟ ਤੋਂ ਮਾਇਕ ਸਹਾਇਤਾ ਅਤੇ ਕੈਲੇਫੋਰਨੀਆ ਦੇ ਪਬਲਿਕ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਪ੍ਰਾਈਵੇਟ ਸਕਾਲਰਸ਼ਿਪਾਂ ਲਈ ਅਪਲਾਈ ਕਰਨ ਅਤੇ ਲੈਣ ਦੀ ਆਗਿਆ ਦਿੰਦਾ ਹੈ ਜਿਹੜੇ ਅੱਗੇ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

ਕੌਣ ਯੋਗ ਹੈ?

ਜਿਹੜੇ ਵਿਦਿਆਰਥੀ:

- ਘੱਟੋ ਘੱਟ ਤਿੰਨ ਸਾਲਾਂ ਲਈ ਕੈਲੇਫੋਰਨੀਆ ਦੇ ਕਿਸੇ ਹਾਈ ਸਕੂਲ ਗਏ ਹਨ;
- ਕੈਲੇਫੋਰਨੀਆ ਦੇ ਕਿਸੇ ਸਕੂਲ ਤੋਂ ਗਰੈਜੂਏਟ ਹੋਏ ਹਨ ਜਾਂ ਕੈਲੇਫੋਰਨੀਆ ਹਾਈ ਸਕੂਲ ਦਾ ਪ੍ਰੌਫੀਸੈਂਸੀ ਟੈੱਸਟ (CHSPE) ਪਾਸ ਕੀਤਾ ਹੈ ਜਾਂ ਇਸ ਦੇ ਬਰਾਬਰ ਦਾ ਡਿਪਲੋਮਾ (GED) ਲਿਆ ਹੈ;
- ਕੈਲੇਫੋਰਨੀਆ ਦੇ ਕਿਸੇ ਮਾਨਤਾ ਪ੍ਰਾਪਤ ਅਤੇ ਯੋਗ ਕਾਲਜ ਜਾਂ ਯੂਨੀਵਰਸਿਟੀ ਵਿਚ ਦਾਖਲ ਹੋਏ ਹਨ;
- ਯੋਗ ਹੋਣ ਤੋਂ ਬਾਅਦ ਛੇਤੀ ਤੋਂ ਛੇਤੀ ਇਮੀਗਰੇਸ਼ਨ ਦੇ ਦਰਜੇ ਨੂੰ ਕਾਨੂੰਨੀ ਬਣਾਉਣ ਲਈ ਐਫੀਡੇਟਿਵ ਭਰਿਆ ਹੈ।

ਫਾਲ 2012

- ਕੈਂਪਸ ਦੇ ਵੈੱਬਸਾਈਟ 'ਤੇ ਸਕਾਲਰਸ਼ਿਪਸ ਲਈ ਅਪਲਾਈ ਕਰੋ।
- ਸਕਾਲਰਸ਼ਿਪਸ ਦੀ ਲਿਸਟ ਦੇਖਣ ਲਈ **www.maldef.org** ਅਤੇ **www.e4fc.org** 'ਤੇ ਜਾਉ।
- ਕਮਿਊਨਟੀ ਕਾਲਜ ਦੇ ਵਿਦਿਆਰਥੀ ਜਨਵਰੀ, 2013 ਦੀ ਟਰਮ ਲਈ ਬੋਰਡ ਆਫ ਗਵਰਨਰ'ਜ਼ ਫੀ ਵੇਵਰ (BOG) ਲਈ ਅਪਲਾਈ ਕਰਦੇ ਹਨ।

ਜਨਵਰੀ 2013 ਤੋਂ

- ਵਿਦਿਆਰਥੀ ਕੈਲੇਫੋਰਨੀਆ ਸਟੂਡੈਂਟ ਏਡ ਕਮਿਸ਼ਨ ਦੀ ਸੁਰੱਖਿਅਤ California Dream Act ਅਰਜ਼ੀ ਦੀ ਵਰਤੋਂ ਕਰਦੇ ਹੋਏ Cal Grant, Chafee ਗ੍ਰਾਂਟ ਅਤੇ ਹੋਰ ਸਟੇਟ ਮਦਦ ਲਈ **www.caldreamact.org** 'ਤੇ ਔਨਲਾਈਨ ਅਪਲਾਈ ਕਰ ਸਕਦੇ ਹਨ।
- Cal Grant ਜਾਂ UC ਅਤੇ CSU ਸੰਸਥਾਈ ਗ੍ਰਾਂਟ ਲਈ **2 ਮਾਰਚ** ਤੱਕ ਅਪਲਾਈ ਕਰੋ।
- ਹੋਰ ਸਟੇਟ Dream Act ਸਹਾਇਤਾ ਜਿਵੇਂ ਕਿ EOP, EOPS, CARE, ਅਤੇ Cal-Works ਤੁਹਾਡੇ ਕੈਂਪਸ ਰਾਹੀਂ ਉਪਲਬਧ ਹੋ ਸਕਦੀ ਹੈ। ਜ਼ਿਆਦਾ ਵੇਰਵਿਆਂ ਲਈ ਆਪਣੇ ਫਾਇਨੈਂਸ਼ਲ ਏਡ ਅਤੇ ਸਕਾਲਰਸ਼ਿਪ ਦਫਤਰ ਨਾਲ ਸੰਪਰਕ ਕਰੋ।

ਤੁਹਾਡੀ California Dream Act ਅਰਜ਼ੀ ਵਿਚਲੀ ਜਾਣਕਾਰੀ ਫੈਡਰਲ ਡੈਟਾਬੇਸਾਂ ਨਾਲ ਸਾਂਝੀ ਨਹੀਂ ਕੀਤੀ ਜਾਂਦੀ। Dream Act ਵਿਚਲੀ ਵਿਦਿਆਰਥੀ ਅਤੇ ਮਾਪਿਆਂ ਦੀ ਜਾਣਕਾਰੀ ਦੀ ਹਿਫਾਜ਼ਤ ਵੀ ਪ੍ਰਾਈਵੇਸੀ ਅਤੇ ਜਾਣਕਾਰੀ ਦੀ ਸਕਿਉਰਟੀ ਦੇ ਉਨ੍ਹਾਂ ਕਾਨੂੰਨਾਂ ਅਤੇ ਰਖਵਾਲੀਆਂ ਨਾਲ ਕੀਤੀ ਜਾਂਦੀ ਹੈ ਜਿਵੇਂ ਕਿ ਬਾਕੀ ਹੋਰ ਸਾਰੀਆਂ Cal Grant ਅਰਜ਼ੀਆਂ ਦੀ ਕੀਤੀ ਜਾਂਦੀ ਹੈ।

N_13545_CSAC_FundFuture2013-14_brochure_OUT_02.indd 5 5/17/13 2:53 P

CAL GRANTS ਮੁਫਤ ਪੈਸੇ ਹਨ – 2 ਮਾਰਚ ਤੱਕ ਅਪਲਾਈ ਕਰੋ

ਦੋ ਫਾਰਮ, ਦੋ ਕਦਮ

1 ਆਪਣੀ FAFSA 1 ਜਨਵਰੀ ਅਤੇ Cal Grant ਲਈ ਅੰਤਿਮ ਤਾਰੀਕ **2 ਮਾਰਚ** ਦੇ ਵਿਚਕਾਰ ਦਰਜ ਕਰਵਾਉ।

2 ਆਪਣੀ ਤਸਦੀਕਸ਼ੁਦਾ Cal Grant GPA (ਜਾਂ GED, SAT ਜਾਂ ACT ਸਕੋਰ) ਕੈਲੇਫੋਰਨੀਆ ਸਟੂਡੈਂਟ ਏਡ ਕਮਿਸ਼ਨ ਕੋਲ **2 ਮਾਰਚ** ਤੱਕ ਦਰਜ ਕਰਵਾਉ। ਆਪਣੇ ਸਕੂਲ ਨੂੰ ਪੁੱਛੋ ਕਿ ਕੀ ਇਹ ਤੁਹਾਡੀ Cal Grant GPA ਨੂੰ ਇਲੈਕਟਰੌਨੀਕਲੀ ਦਰਜ ਕਰਵਾਏਗਾ ਜਾਂ ਕੀ ਤੁਹਾਨੂੰ ਪੇਪਰ ਵਾਲਾ Cal Grant GPA ਵੇਰੀਫੀਕੇਸ਼ਨ ਫਾਰਮ ਦਰਜ ਕਰਵਾਉਣ ਦੀ ਲੋੜ ਪਵੇਗੀ। ਜੇ ਤੁਹਾਨੂੰ ਆਪਣੀ GPA ਦਰਜ ਕਰਵਾਉਣ ਦੀ ਲੋੜ ਹੈ ਤਾਂ ਆਪਣੇ ਕੌਂਸਲਰ ਨਾਲ ਚੈੱਕ ਕਰੋ ਜਾਂ **www.calgrants.org** 'ਤੇ ਫਾਰਮ ਔਨਲਾਈਨ ਦੇਖੋ। ਤੁਹਾਨੂੰ ਇਸ ਨੂੰ ਡਾਕ ਰਾਹੀਂ ਭੇਜਣ ਤੋਂ ਪਹਿਲਾਂ ਵੇਰੀਫੀਕੇਸ਼ਨ ਲਈ ਇਸ ਨੂੰ ਸਕੂਲ ਨੂੰ ਦੇਣਾ ਜ਼ਰੂਰੀ ਹੈ – ਪੇਪਰ ਵਾਲਾ ਵੇਰੀਫੀਕੇਸ਼ਨ ਫਾਰਮ ਔਨਲਾਈਨ ਦਰਜ ਨਹੀਂ ਕਰਵਾਇਆ ਜਾ ਸਕਦਾ।

ਜੇ ਤੁਸੀਂ **2 ਮਾਰਚ** ਦੀ ਅੰਤਿਕ ਤਾਰੀਕ ਤੋਂ ਖੁੰਝ ਜਾਵੋ ਅਤੇ ਫਾਲ ਵਿਚ ਕੈਲੇਫੋਰਨੀਆ ਦੇ ਕਿਸੇ ਕਮਿਊਨਟੀ ਕਾਲਜ ਵਿਚ ਜਾਣ ਦੀ ਪਲੈਨ ਬਣਾ ਰਹੇ ਹੋਵੋ ਤਾਂ ਤੁਹਾਡੇ ਕੋਲ **2 ਸਤੰਬਰ** ਦੀ ਦੂਜੀ ਅੰਤਿਮ ਤਾਰੀਕ ਹੈ। ਪਰ, **2 ਸਤੰਬਰ** ਤੱਕ ਅਪਲਾਈ ਕਰਨ ਵਾਲਿਆਂ ਲਈ Cal Grant ਅਵਾਰਡ ਸੀਮਤ ਹਨ, ਇਸ ਕਰਕੇ ਜੇ ਹੋ ਸਕਦਾ ਹੋਵੇ ਤਾਂ **2 ਮਾਰਚ** ਤੱਕ ਅਪਲਾਈ ਕਰੋ।

Cal Grant ਗਰੰਟੀ

ਜੇ ਤੁਸੀਂ ਹਾਈ ਸਕੂਲ ਸੀਨੀਅਰ ਹੋ, ਕੈਲੇਫੋਰਨੀਆ ਹਾਈ ਸਕੂਲ ਤੋਂ ਗਰੈਜੂਏਟ ਹੋਏ ਹੋ, ਹੱਕਦਾਰੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋ ਅਤੇ **2 ਮਾਰਚ** ਤੱਕ ਅਪਲਾਈ ਕੀਤਾ ਹੈ ਤਾਂ ਤੁਹਾਨੂੰ Cal Grant ਮਿਲਣ ਦੀ ਗਰੰਟੀ ਹੈ।

CAL GRANTS 'ਤੇ ਇਕ ਝਾਤ

Cal Grant:	ਤੁਹਾਨੂੰ ਅੱਗੇ ਲਿਖੇ ਤੱਕ ਪੈਸੇ ਮਿਲ ਸਕਦੇ ਹਨ:
Cal Grant A 3.0 ਹਾਈ ਸਕੂਲ GPA ਦੀ ਲੋੜ ਹੈ	• $12,192 ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿਚ • $5,970 ਕੈਲੇਫੋਰਨੀਆ ਸਟੇਟ ਯੂਨੀਵਰਸਿਟੀ ਵਿਚ • $9,084 ਯੂਨੀਵਰਸਿਟੀ ਆਫ ਕੈਲੇਫੋਰਨੀਆ ਵਿਚ • ਜੇ ਤੁਸੀਂ ਕੈਲੇਫੋਰਨੀਆ ਕਮਿਊਨਟੀ ਕਾਲਜ ਵਿਚ ਜਾਂਦੇ ਹੋ ਤਾਂ ਤੁਹਾਡੀ ਗ੍ਰਾਂਟ ਤੁਹਾਡੀ ਟ੍ਰਾਂਸਫਰ ਤੱਕ ਰੀਜ਼ਰਵ ਰੱਖ ਲਈ ਜਾਂਦੀ ਹੈ
Cal Grant B 2.0 ਹਾਈ ਸਕੂਲ GPA ਦੀ ਲੋੜ ਹੈ	• $1,473 ਪਹਿਲੇ ਸਾਲ ਲਈ ਰਹਿਣ ਦੇ ਖਰਚੇ, ਜਮ੍ਹਾਂ Cal Grant A ਜਿੰਨੀ ਰਕਮ ਦੀ ਪਹਿਲੇ ਸਾਲ ਤੋਂ ਅਗਾਂਹ ਟਿਊਸ਼ਨ ਅਤੇ ਫੀਸ ਅਵਾਰਡ
Cal Grant C	• $547 ਟੈਕਨੀਕਲ ਜਾਂ ਕੈਰੀਅਰ ਦੀ ਪੜ੍ਹਾਈ ਦੀਆਂ ਕਿਤਾਬਾਂ, ਸੰਦਾਂ ਅਤੇ ਸਾਜ਼-ਸਾਮਾਨ ਲਈ • $2,462 ਟਿਊਸ਼ਨ ਲਈ (ਜੇ ਕੈਲੇਫੋਰਨੀਆ ਕਮਿਊਨਟੀ ਕਾਲਜ ਨਹੀਂ ਜਾ ਰਹੇ)
Cal Grant ਟ੍ਰਾਂਸਫਰ ਇਨਟਾਈਟਲਮੈਂਟ ਅਵਾਰਡ 2.4 ਕਮਿਊਨਟੀ ਕਾਲਜ GPA ਦੀ ਲੋੜ ਹੈ	• Cal Grant A ਜਾਂ Cal Grant B ਜਿੰਨੇ

N_13545_CSAC_FundFuture2013-14_brochure_OUT_02.indd 6 5/17/13 2:53 P

ਹੋਰ ਮੁਫਤ ਪੈਸੇ

ਇਨ੍ਹਾਂ ਗ੍ਰਾਂਟਾਂ ਲਈ ਵਿਚਾਰੇ ਜਾਣ ਲਈ FAFSA ਦਰਜ ਕਰਵਾਉ

ਗ੍ਰਾਂਟਾਂ ਦੀਆਂ ਕਿਸਮਾਂ	ਹੱਕਦਾਰੀ ਲਈ ਸ਼ਰਤਾਂ
ਫੈਡਰਲ Pell Grant (ਪੈੱਲ ਗ੍ਰਾਂਟ) ਸਾਲ ਦੇ $5,550 ਤੱਕ (2012–13)। **www.studentaid.ed.gov** 'ਤੇ ਜਾਉ	• ਤੁਹਾਡਾ ਪੜ੍ਹਾਈ ਦਾ ਖਰਚਾ ਅਤੇ ਪਰਿਵਾਰ ਵਲੋਂ ਸੰਭਵ ਯੋਗਦਾਨ • ਕੀ ਫੁੱਲ ਟਾਈਮ ਜਾ ਰਹੇ ਹੋ ਜਾਂ ਪਾਰਟ ਟਾਈਮ • ਪਹਿਲਾਂ ਬੈਚੁਲਰ ਡਿਗਰੀ ਨਾ ਹੋਣਾ ਜ਼ਰੂਰੀ ਹੈ*
ਫੈਡਰਲ ਸਪਲੀਮੈਂਟਲ ਐਜੂਕੇਸ਼ਨਲ ਓਪਰਚੂਨਿਟੀ ਗ੍ਰਾਂਟ (FSEOG) ਸਾਲ ਦੇ $100 ਤੋਂ $4,000 ਤੱਕ (ਫੰਡ ਸੀਮਤ ਹਨ)। **www.studentaid.ed.gov** 'ਤੇ ਜਾਉ	• ਤੁਹਾਡਾ ਪੜ੍ਹਾਈ ਦਾ ਖਰਚਾ ਅਤੇ ਪਰਿਵਾਰ ਵਲੋਂ ਸੰਭਵ ਯੋਗਦਾਨ • ਤਰਜੀਹ Pell ਗ੍ਰਾਂਟ ਲੈਣ ਵਾਲੇ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦੇ ਪਰਿਵਾਰ ਵਲੋਂ ਯੋਗਦਾਨ ਦੀ ਉਮੀਦ ਘੱਟ ਹੁੰਦੀ ਹੈ • ਕੀ ਫੁੱਲ ਟਾਈਮ ਜਾ ਰਹੇ ਹੋ ਜਾਂ ਪਾਰਟ ਟਾਈਮ
ਫੈਡਰਲ TEACH ਗ੍ਰਾਂਟਸ ਸਾਲ ਦੇ $4,000 ਤੱਕ। **www.studentaid.ed.gov** 'ਤੇ ਜਾਉ ਜਾਂ ਜਿਹੜੇ ਕਾਲਜ ਜਾਂ ਯੂਨੀਵਰਸਿਟੀ ਤੁਸੀਂ ਦਾਖਲਾ ਲੈਣ ਦੀ ਪਲੈਨ ਬਣਾ ਰਹੇ ਹੋ ਉਸ ਦੇ ਫਾਇਨੈਂਸ਼ਲ ਏਡ ਆਫਿਸ ਨਾਲ ਸੰਪਰਕ ਕਰੋ	• ਟੀਚਿੰਗ ਦਾ ਕੈਰੀਅਰ ਸ਼ੁਰੂ ਕਰਨ ਲਈ ਦਾਖਲ ਹੋਏ ਹੋ, ਜਾਂ ਕੋਰਸਵਰਕ ਪੂਰਾ ਕਰਨ ਦੀ ਪਲੈਨ ਬਣਾ ਰਹੇ ਹੋ • ਘੱਟੋ ਘੱਟ 3.25 ਦੀ ਸਮੁੱਚੀ GPA ਕਾਇਮ ਰੱਖਦੇ ਹੋ • ਜ਼ਿਆਦਾ ਲੋੜ ਵਾਲੇ ਖੇਤਰ ਵਿਚ ਘੱਟ ਆਮਦਨ ਵਾਲੇ ਵਿਦਿਆਰਥੀਆਂ ਨੂੰ ਤਨਖਾਹ ਸਮੇਤ ਪੂਰਾ ਸਮਾਂ ਪੜ੍ਹਾਉਣ ਦੇ ਐਗਰੀਮੈਂਟ 'ਤੇ ਦਸਖਤ ਕਰਦੇ ਹੋ • ਆਪਣੀ ਸਟੱਡੀ ਦਾ ਪ੍ਰੋਗਰਾਮ ਪੂਰਾ ਕਰਨ ਦੇ ਅੱਠ ਸਾਲਾਂ ਵਿਚ ਘੱਟੋ ਘੱਟ ਚਾਰ ਅਕਾਦਮਿਕ ਸਾਲ ਪੜ੍ਹਾਉਣ ਲਈ ਸਹਿਮਤ ਹੁੰਦੇ ਹੋ • ਜੇ ਤੁਸੀਂ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਵਿਚ ਫੇਲ੍ਹ ਹੋ ਜਾਂਦੇ ਹੋ ਤਾਂ ਗ੍ਰਾਂਟ ਬਿਨਾਂ ਸਬਸਿਡੀ ਵਾਲੀ Stafford ਲੋਨ ਵਿਚ ਬਦਲ ਜਾਂਦੀ ਹੈ ਜਿਹੜਾ ਤੁਹਾਨੂੰ ਵਿਆਜ ਸਮੇਤ ਵਾਪਸ ਦੇਣਾ ਪੈਣਾ ਹੈ
ਕੈਲੇਫੋਰਨੀਆ Chafee ਗ੍ਰਾਂਟ ਮਿਲਣ ਵਾਲੀ ਕੋਈ ਵੀ ਸਟੇਟ ਜਾਂ ਫੈਡਰਲ ਸਹਾਇਤਾ ਤੋਂ ਇਲਾਵਾ ਜੌਬ ਟਰੇਨਿੰਗ ਜਾਂ ਕਾਲਜ ਲਈ ਸਾਲ ਦੇ $5,000 ਤੱਕ। **www.chafee.csac.ca.gov** 'ਤੇ ਜਾਉ; 1-888-224-7268 'ਤੇ ਫੋਨ ਕਰੋ; ਜਾਂ ਆਪਣੇ ਸਕੂਲ, ਕੇਸਵਰਕਰ ਜਾਂ ਇੰਡੀਪੈਨਡੈਂਟ ਲਿਵਿੰਗ ਕੋਆਰਡੀਨੇਟਰ ਨਾਲ ਸੰਪਰਕ ਕਰੋ	• ਤੁਸੀਂ ਫੌਸਟਰ ਕੇਅਰ ਵਿਚ ਹੋ ਜਾਂ 16-18 ਸਾਲ ਦੀ ਉਮਰ ਦੇ ਵਿਚਕਾਰ ਸੀ • ਸਕੂਲ ਵਿਚ ਹੋ ਅਤੇ ਚੰਗੇ ਗਰੇਡ ਲੈਂਦੇ ਹੋ • ਘੱਟੋ ਘੱਟ ਅੱਧੇ ਸਮੇਂ ਲਈ ਦਾਖਲਾ ਲਿਆ ਹੈ • *Chafee ਗ੍ਰਾਂਟ ਅਰਜ਼ੀ ਦੀ ਲੋੜ ਹੈ (ਸੋਸ਼ਲ ਸਕਿਉਰਟੀ ਨੰਬਰ ਦੀ ਲੋੜ ਨਹੀਂ ਹੈ)*
ਬੱਚਿਆਂ ਦੇ ਵਿਕਾਸ ਲਈ ਗ੍ਰਾਂਟਾਂ ਸਾਲ ਦੇ $1,000 ਤੱਕ (ਕੈਲੇਫੋਰਨੀਆ ਕਾਲਜ ਵਿਚ) ਜਾਂ ਸਾਲ ਦੇ $2,000 ਤੱਕ (ਚਾਰ ਸਾਲ ਕਾਲਜ ਵਿਚ); ਕੁੱਲ $6,000 ਤੱਕ। **www.csac.ca.gov** 'ਤੇ ਜਾਉ; "Financial Aid Programs" ਦੀ ਚੋਣ ਕਰੋ ਜਾਂ 1-888-224-7268 'ਤੇ ਫੋਨ ਕਰੋ	• ਚਾਇਲਡ ਡਿਵੈਲਪਮੈਂਟ ਪਰਮਿਟ ਲੈ ਰਹੇ ਹੋ ਅਤੇ ਕੈਲੇਫੋਰਨੀਆ ਵਿਚਲੇ ਕਿਸੇ ਲਾਇਸੰਸਸ਼ੁਦਾ ਚਿਲਡਰਨ'ਜ਼ ਸੈਂਟਰ ਵਿਚ ਕੰਮ ਕਰਨ ਦੀ ਪਲੈਨ ਬਣਾ ਰਹੇ ਹੋ • ਕੈਲੇਫੋਰਨੀਆ ਦੀ ਕਿਸੇ ਲਾਇਸੰਸਸ਼ੁਦਾ ਚਾਇਲਡ ਕੇਅਰ ਫਾਸਿਲਟੀ ਵਿਚ ਪੜ੍ਹਾਉਣ ਜਾਂ ਸੁਪਰਵਾਈਜ਼ ਕਰਨ ਲਈ ਸਰਵਿਸ ਕੋਮਿਟਮੈਂਟ ਐਗਰੀਮੈਂਟ 'ਤੇ ਦਸਖਤ ਕਰਨਾ ਜ਼ਰੂਰੀ ਹੈ • *ਚਾਇਲਡ ਡਿਵੈਲਪਮੈਂਟ ਗ੍ਰਾਂਟ ਅਰਜ਼ੀ ਦੀ ਲੋੜ ਹੈ*
ਲਾਅ ਇਨਫੋਰਸਮੈਂਟ ਪਰਸਨਲ ਡਿਪੈਨਡੈਂਟਸ ਗ੍ਰਾਂਟ ਸਾਲ ਦੇ $13,665 ਤੱਕ। **www.csac.ca.gov** 'ਤੇ ਜਾਉ; ਅਤੇ "Financial Aid Programs" ਦੀ ਚੋਣ ਕਰੋ ਜਾਂ 1-888-224-7268 'ਤੇ ਫੋਨ ਕਰੋ	• ਕੈਲੇਫੋਰਨੀਆ ਦੇ ਕਿਸੇ ਪੀਸ ਔਫੀਸਰ, ਫਾਇਰਫਾਈਟਰ ਜਾਂ ਕਾਨੂੰਨ ਲਾਗੂ ਕਰਨ ਵਾਲੇ ਕਿਸੇ ਹੋਰ ਮੁਲਾਜ਼ਮ 'ਤੇ ਨਿਰਭਰ ਜਾਂ ਪਤਨੀ/ਪਤੀ ਹੋ ਜਿਸ ਦੀ ਆਪਣੀ ਡਿਊਟੀ ਦੌਰਾਨ ਮੌਤ ਹੋਈ ਜਾਂ 100 ਪ੍ਰਤੀਸ਼ਤ ਅਪਾਹਜ ਹੋਇਆ • *ਲਾਅ ਇਨਫੋਰਸਮੈਂਟ ਪਰਸਨਲ ਡਿਪੈਨਡੈਂਟਸ ਗ੍ਰਾਂਟ ਅਰਜ਼ੀ ਦੀ ਲੋੜ ਹੈ*
ਯੂਨੀਵਰਸਿਟੀ ਆਫ ਕੈਲੇਫੋਰਨੀਆ (UC) **www.universityofcalifornia.edu** 'ਤੇ ਜਾਉ	• ਸਾਰੇ ਅੰਡਰਗਰੈਜੂਏਟ ਵਿਦਿਆਰਥੀਆਂ ਵਿੱਚੋਂ ਤਕਰੀਬਨ ਦੋ-ਤਿਹਾਈ ਨੂੰ UC ਗ੍ਰਾਂਟ ਅਤੇ ਸਕਾਲਰਸ਼ਿਪ ਸਹਾਇਤਾ ਮਿਲਦੀ ਹੈ ਅਤੇ ਔਸਤਨ ਤਕਰੀਬਨ $14,000 ਮਿਲਦੇ ਹਨ
ਕੈਲੇਫੋਰਨੀਆ ਸਟੇਟ ਯੂਨੀਵਰਸਿਟੀ (CSU) **www.calstate.edu** ਜਾਂ **www.csumentor.edu** 'ਤੇ ਜਾਉ	• CSU ਗ੍ਰਾਂਟ ਕੈਲੇਫੋਰਨੀਆ ਦੇ ਵਸਨੀਕਾਂ ਦੀ ਮਾਇਕ ਲੋੜ ਵਿਚ ਮਦਦ ਕਰਦੀ ਹੈ
ਕੈਲੇਫੋਰਨੀਆ ਕਮਿਊਨਟੀ ਕਾਲਜ (CCC) ਬੋਰਡ ਆਫ ਗਵਰਨਰ (BOG) ਫੀ ਵੇਵਰ **www.icanaffordcollege.com** 'ਤੇ ਜਾਉ	• ਜੇ ਤੁਸੀਂ Cal Grant ਲਈ ਕੁਆਲੀਫਾਈ ਕਰਦੇ ਹੋ ਜਾਂ ਤੁਹਾਡੀ ਮਾਇਕ ਲੋੜ ਹੈ ਤਾਂ ਤੁਹਾਨੂੰ ਫੀ ਵੇਵਰ ਮਿਲ ਸਕਦੀ ਹੈ • *ਫੈਡਰਲ ਅਤੇ ਸਟੇਟ ਦੀ ਹੋਰ ਸਹਾਇਤਾ ਲਈ ਕੁਆਲੀਫਾਈ ਕਰਨ ਲਈ FAFSA ਨੂੰ ਮੁਕੰਮਲ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਭਾਵੇਂ CCC ਫੀ ਵੇਵਰ ਦੀ ਕਿਸਮ ਕੋਈ ਵੀ ਹੋਵੇ।*

**ਉਨ੍ਹਾਂ ਵਿਦਿਆਰਥੀਆਂ ਤੋਂ ਇਲਾਵਾ, ਜਿਹੜੇ ਟੀਚਰ ਸਰਟੀਫਿਕੇਸ਼ਨ ਲਈ ਪੜ੍ਹ ਰਹੇ ਹਨ ਜਾਂ ਪੰਜ-ਸਾਲਾ baccalaureate ਪ੍ਰੋਗਰਾਮ ਲਈ ਦਾਖਲਾ ਲਿਆ ਹੈ।*

N_13545_CSAC_FundFuture2013-14_brochure_OUT_02.indd 7 5/17/13 2:53 P

CAL GRANTS: ਅਪਲਾਈ ਕਰਨ ਦੇ ਮੌਕੇ

ਕਿਸੇ ਕਮਿਉਨਟੀ ਕਾਲਜ ਤੋਂ 4 ਸਾਲਾ ਸਕੂਲ ਲਈ ਟ੍ਰਾਂਸਫਰ ਕਰਨਾ

- ਕੈਲੇਫੋਰਨੀਆ ਕਮਿਉਨਟੀ ਕਾਲਜ ਟ੍ਰਾਂਸਫਰ ਸਟੂਡੈਂਟ ਵਜੋਂ, ਜੇ ਤੁਸੀਂ 28 ਸਾਲ ਤੋਂ ਘੱਟ ਉਮਰ ਦੇ ਹੋ
- ਉਸ ਸਾਲ ਵਿਚ **2 ਮਾਰਚ** ਤੱਕ ਅਪਲਾਈ ਕਰੋ ਜਿਸ ਵਿਚ ਤੁਸੀਂ ਟ੍ਰਾਂਸਫਰ ਹੋਣ ਦੀ ਪਲੈਨ ਬਣਾ ਰਹੇ ਹੋ

ਕਮਿਉਨਟੀ ਕਾਲਜ ਟ੍ਰਾਂਸਫਰ ਸਟੂਡੈਂਟ

Cal Grant C – ਕੈਰੀਅਰ ਟੈਕਨੀਕਲ ਗ੍ਰਾਂਟ

- **2 ਮਾਰਚ ਤੱਕ FAFSA** ਮੁਕੰਮਲ ਕਰੋ
- FAFSA 'ਤੇ ਕੈਰੀਅਰ ਟੈਕਨੀਕਲ ਸਕੂਲ ਲਿਖੋ
- ਸਟੱਡੀ ਦਾ ਕੋਰਸ ਕੋਈ ਕਿੱਤਾ ਜਾਂ ਕੈਰੀਅਰ ਟੈਕਨੀਕਲ ਹੋਣਾ ਜ਼ਰੂਰੀ ਹੈ

ਕੈਰੀਅਰ ਟੈਕਨੀਕਲ ਸਕੂਲ ਸਟੂਡੈਂਟ

ਆਪਣੀ Cal Grant ਦੀ ਪੈੜ ਰੱਖੋ:
ਆਪਣੀ Cal Grant ਦੀ ਪੈੜ ਰੱਖਣ ਲਈ WebGrants4Students ਅਕਾਊਂਟ ਖੋਲ੍ਹੋ। ਆਪਣੀ FAFSA ਜਾਂ California Dream Act ਅਰਜ਼ੀ ਦਰਜ ਕਰਵਾਉਣ ਤੋਂ ਬਾਅਦ **www.webgrants4students.org** 'ਤੇ ਜਾਉ।

ਜ਼ਿਆਦਾ ਜਾਣਕਾਰੀ ਲਈ **www.calgrants.org** ਜਾਂ **www.csac.ca.gov** 'ਤੇ ਜਾਉ।

N_13545_CSAC_FundFuture2013-14_brochure_OUT_02.indd 8 5/17/13 2:53 P

ਸ਼ੁਰੂ ਕਰਨ ਲਈ ਸਭ ਤੋਂ ਵਧੀਆ ਥਾਂ

WWW.CSAC.CA.GOV
'ਤੇ CAL GRANT ਲਈ ਯੋਗ ਸਕੂਲ ਚੈੱਕ ਕਰੋ

ਹਾਈ ਸਕੂਲ ਸੀਨੀਅਰ

2 ਮਾਰਚ ਤੱਕ ਹਾਈ ਸਕੂਲ ਸੀਨੀਅਰ ਵਜੋਂ ਅਪਲਾਈ ਕਰੋ

- Cal Grants ਸਲਾਨਾ $12,192 ਤੱਕ ਦੀਆਂ ਹੋ ਸਕਦੀਆਂ ਹਨ, ਜੋ ਕਿ ਤੁਹਾਡੇ ਸਕੂਲ ਅਤੇ ਹਾਜ਼ਰੀ 'ਤੇ ਨਿਰਭਰ ਕਰਦਾ ਹੈ
- ਕਿਸੇ ਕੁਆਲੀਫਾਇੰਗ ਕੈਂਪਸ ਵਿਚ 4 ਸਾਲਾਂ ਤੱਕ ਵਰਤੋ
- Cal Grant ਨੂੰ ਵੱਧ ਤੋਂ ਵੱਧ ਕਰਨ ਲਈ ਸਭ ਤੋਂ ਵਧੀਆ ਚੋਣ
- ਕੈਲੇਫੋਰਨੀਆ ਦੀਆਂ ਸਾਰੀਆਂ ਸਰਕਾਰੀ ਅਤੇ ਬਹੁਤ ਸਾਰੀਆਂ ਪ੍ਰਾਈਵੇਟ ਸੰਸਥਾਵਾਂ ਕੁਆਲੀਫਾਈ ਕਰਦੀਆਂ ਹਨ। **www.calgrants.org** 'ਤੇ ਇਹ ਚੈੱਕ ਕਰੋ ਕਿ ਤੁਹਾਡੀ Cal Grant ਕਿੱਥੇ ਵਰਤੀ ਜਾ ਸਕਦੀ ਹੈ

ਹਾਈ ਸਕੂਲ ਗਰੈਜੂਏਟ

ਹਾਈ ਸਕੂਲ ਤੋਂ ਬਾਅਦ ਅਤੇ ਹਾਈ ਸਕੂਲ ਗਰੈਜੂਏਸ਼ਨ ਜਾਂ GED ਦੇ 1 ਇਕ ਸਾਲ ਦੇ ਵਿਚ ਵਿਚ ਅਪਲਾਈ ਕਰੋ

- 4 ਸਾਲਾਂ ਤੱਕ ਦੀਆਂ Cal Grants $12,192 ਤੱਕ ਲਈ
- **2 ਮਾਰਚ ਤੱਕ FAFSA ਮੁਕੰਮਲ ਕਰੋ/ਹਾਈ ਸਕੂਲ GPA** ਦਰਜ ਕਰਵਾਉ
- ਆਪਣੀ GPA ਲਈ ਉਸ ਹਾਈ ਸਕੂਲ ਨੂੰ ਜਾਉ ਜਿੱਥੋਂ ਤੁਸੀਂ ਗਰੈਜੂਏਟ ਹੋਏ ਹੋ

ਹੋਰ ਵਿਦਿਆਰਥੀ

ਬਾਕੀ ਸਾਰੇ ਵਿਦਿਆਰਥੀ ਕੰਪੀਟੀਟਿਵ Cal Grants ਲਈ ਅਪਲਾਈ ਕਰ ਸਕਦੇ ਹਨ

- ਜੇ ਤੁਸੀਂ ਕੈਲੇਫੋਰਨੀਆ ਦੇ ਕਿਸੇ ਕਮਿਊਨਟੀ ਕਾਲਜ ਦੇ ਵਿਦਿਆਰਥੀ ਹੋ ਤਾਂ ਹਰ ਸਾਲ **2 ਸਤੰਬਰ ਤੱਕ ਕੰਪੀਟੀਟਿਵ** Cal Grant ਲਈ FAFSA ਅਤੇ Cal Grant GPA ਮੁਕੰਮਲ ਕਰਕੇ ਅਪਲਾਈ ਕਰੋ। ਤੁਹਾਡਾ ਕਾਲਜ ਤੁਹਾਡੇ ਲਈ ਤੁਹਾਡੀ GPA ਦਰਜ ਕਰਵਾਏਗਾ। ਤੁਹਾਡੇ ਲਈ FAFSA ਦਰਜ ਕਰਵਾਉਣਾ ਜ਼ਰੂਰੀ ਹੈ।
- ਕਿਸੇ ਵੀ ਉਮਰ ਦੇ ਵਿਦਿਆਰਥੀ Cal Grant ਲਈ ਅਪਲਾਈ ਕਰਨ ਦੀ ਅੰਤਿਮ ਤਾਰੀਕ **2 ਮਾਰਚ ਤੱਕ ਕੰਪੀਟੀਟਿਵ Cal Grants** ਲਈ ਅਪਲਾਈ ਕਰ ਸਕਦੇ ਹਨ।

ਕਾਲਜ ਜਾਣ ਦੇ ਆਪਣੇ ਹਰ ਸਾਲ ਆਪਣੀ FAFSA ਦਰਜ ਕਰਵਾਉ।

N_13545_CSAC_FundFuture2013-14_brochure_OUT_02.indd 9 5/17/13 2:53 P

ਇਹ ਵੈੱਬਸਾਈਟ ਚੈੱਕ ਕਰੋ

ਕਾਲਜ ਫੰਡਿੰਗ

ਕੈਲੇਫੋਰਨੀਆ ਸਟੂਡੈਂਟ ਏਡ ਐਂਡ Cal Grants
www.calgrants.org
www.csac.ca.gov
*www.ca.gov/education

ਕੈਲੇਫੋਰਨੀਆ ਕੈਸ਼ ਫਾਰ ਕਾਲਜ
*www.californiacashforcollege.org

ਡ੍ਰੀਮਰ ਰੀਸੋਰਸਿਜ਼
www.caldreamact.org
www.e4fc.org
www.maldef.org
http://preparate.collegeboard.org/resources

ਫੈਡਰਲ ਫਾਇਨੈਂਸ਼ਲ ਏਡ
*www.fafsa.gov
*www.studentaid.ed.gov
*www.studentloans.gov

ScholarShare
*www.scholarshare.com

ਸਕੌਲਰਸ਼ਿਪ ਇਨਫਰਮੇਸ਼ਨ
www.fastweb.com
*www.collegeboard.com/pay
www.scholarships.com
www.zinch.com/

ਅਫਰੀਕਨ ਅਮੈਰੇਕਨ ਸਕੌਲਰਸ਼ਿਪਸ
www.uncf.org

ਏਸ਼ੀਅਨ ਅਮੈਰੇਕਨ ਸਕੌਲਰਸ਼ਿਪਸ
www.apiasf.org

Gates ਮਿਲਿਨੀਅਮ ਸਕੌਲਰਸ਼ਿਪਸ
www.gmsp.org

ਲਾਤੀਨੋ ਸਕੌਲਰਸ਼ਿਪਸ
*www.hsf.net
www.maldef.org

ਨੇਟਿਵ ਅਮੈਰੇਕਨ ਸਕੌਲਰਸ਼ਿਪਸ
www.bie.edu
www.collegefund.org
www.aises.org/what/programs/scholarships

ਸਪੋਰਟਸ ਸਕੌਲਰਸ਼ਿਪਸ
www.ncaa.org

ਸਕੌਲਰਸ਼ਿਪਸ ਫਰਾਡ
*www.ftc.gov/scholarshipscams

ਕਾਲਜ ਦੇ ਖਰਚੇ ਅਤੇ ਕੈਰੀਅਰ ਦੀ ਜਾਣਕਾਰੀ
www.californiacolleges.edu
*http://collegenavigator.ed.gov
www.whodouwant2b.com
www.finaid.org

ਕਾਲਜਿਜ਼

ਕੈਲੇਫੋਰਨੀਆ ਪਬਲਿਕ ਕਾਲਜਿਜ਼
www.californiacolleges.edu

ਕੈਲੇਫੋਰਨੀਆ ਕਮਿਉਨਟੀ ਕਾਲਜਿਜ਼
*www.icanaffordcollege.com

ਕੈਲੇਫੋਰਨੀਆ ਸਟੇਟ ਯੂਨੀਵਰਸਿਟੀ
*www.csumentor.edu

ਯੂਨੀਵਰਸਿਟੀ ਆਫ ਕੈਲੇਫੋਰਨੀਆ
*www.universityofcalifornia.edu

ਇੰਡੀਪੈਨਡੈਂਟ ਕੈਲੇਫੋਰਨੀਆ ਕਾਲਜਿਜ਼
www.aiccu.edu

ਜਾਣਨ ਵਾਲੀਆਂ ਗੱਲਾਂ

ਆਇਡੈਂਟਿਟੀ ਥੈਫਟ
*www.ftc.gov/idtheft
*www.idtheftcenter.org

ਸਮਾਰਟ ਬੌਰੋਇੰਗ
*www.studentloans.gov

ਟੈਕਸ ਬੈਨੇਫਿਟਸ
www.irs.gov/pub/irs-pdf/p970.pdf

ਹੋਰ ਵਸੀਲੇ

ACT ਜਾਂ SAT
www.actstudent.org
*www.collegeboard.org

AmeriCorps/ਵਾਲੰਟੀਅਰਜ਼
www.americorps.gov
*www.californiavolunteers.org

ਸਿਟੀਜ਼ਨਸ਼ਿਪ/ਡੈਫਰਡ ਐਕਸ਼ਨ ਫਾਰ ਚਾਇਲਡਹੁੱਡ ਅਰਾਈਵਲਜ਼
*www.uscis.gov

ਫੌਸਟਰ ਯੂਥ ਗ੍ਰਾਂਟਸ ਐਂਡ ਇਨਫਰਮੇਸ਼ਨ
www.chafee.csac.ca.gov
www.fosteryouthhelp.ca.gov
www.calyouthconn.org
www.calgrants.org

ਹੈਲਥ ਕੈਰੀਅਰਜ਼
*www.healthjobsstarthere.com

ਜੌਬ ਟਰੈਂਡਜ਼
www.bls.gov/emp

ਸਟੂਡੈਂਟਸ ਵਿਦ ਡਿਸਏਬਿਲਟੀਜ਼
www.heath.gwu.edu
www.dor.ca.gov

ਮਿਲਟਰੀ ਐਂਡ ਵੈਟਰਨ ਬੈਨੇਫਿਟ
*www.todaysmilitary.com
www.gibill.va.gov

**ਸਪੈਨਿਸ਼ ਵਿਚ ਜਾਣਕਾਰੀ ਦਿੰਦਾ ਹੈ*

CALIFORNIA STUDENT AID COMMISSION

ECMC

www.facebook.com/CSAC.StudentAidCommission

Punjabi – I.1.6 25,000 2.13